


## ਬਹੁਤ ਸਾਰੀਆਂ ਬੀਮਾਰੀਆਂ ਵੈਕਸੀਨ ਨਾਲ ਰੋਕਣਯੋਗ ਹਨ...

# ਕੀ ਤੁਹਾਡੇ ਪਰਿਵਾਰ ਕੋਲ ਸੁਰੱਖਿਆ ਹੈ?

ਤੁਸੀਂ ਨੇਮ ਨਾਲ ਲੋਦੇ ਲਵਾ ਕੇ ਪਹਿਲਾਂ ਹੀ ਆਪਣੇ ਪਰਿਵਾਰ ਦੀ ਰੱਖਿਆ ਕਰ ਰਹੇ ਹੋ ਜੋ ਕਿ 15 ਬੀਮਾਰੀਆਂ ਤੋਂ ਰਖਵਾਲੀ ਕਰਦੇ ਹਨ। ਤੁਹਾਡੇ ਬੱਚੇ ਨੂੰ ਹੋਰ ਵੈਕਸੀਨਾਂ ਤੋਂ ਵੀ ਫਾਇਦਾ ਹੋ ਸਕਦਾ ਹੈ ਜਿਹੜੀਆਂ ਕਿ ਪੈਸੇ ਦੇ ਕੇ ਉਪਲਬਧ ਹਨ। ਆਪਣੇ ਡਾਕਟਰ ਜਾਂ ਇਲਾਜ ਕਰਨ ਵਾਲੇ ਤੋਂ ਇਹ ਪੁੱਛੋ ਕਿ ਕੀ ਤੁਹਾਡੇ ਬੱਚੇ ਕੋਲ ਉਹ ਸਾਰੀ ਸੁਰੱਖਿਆ ਹੈ ਜਿਸ ਦੀ ਉਸ ਨੂੰ ਲੋੜ ਹੈ।

## ਵਾਧੂ ਸੁਰੱਖਿਆ ਦੀ ਨਿਸ਼ਾਨ ਲਾਉਣ ਵਾਲੀ ਲਿਸਟ

**ਹਾਂ, ਮੇਰੇ ਬੱਚੇ ਕੋਲ ਇਨ੍ਹਾਂ ਤੋਂ ਸੁਰੱਖਿਆ ਹੈ:**

| | |
|---|---|
| ❑ **ਹੈਪੇਟਾਈਟਸ ਏ** | ਜਿਗਰ ਦੀ ਇਕ ਸੋਜ ਜੋ ਕਿ ਗੰਭੀਰ ਅਤੇ ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀ ਹੋ ਸਕਦੀ ਹੈ (ਵੈਕਸੀਨ ਅਬਰਿਜਨਲ ਬਾਲਾਂ ਅਤੇ ਬੱਚਿਆਂ ਲਈ ਮੁਫਤ ਹੈ) |
| ❑ **ਐੱਚ ਪੀ ਵੀ (ਹਿਊਮਨ ਪੈਪੀਲੋਮਾਵਾਇਰਸ)** | ਬੱਚੇਦਾਨੀ ਦੇ ਮੂੰਹ ਦੀ ਕੈਂਸਰ, ਜਣਨ ਅੰਗਾਂ ਦੇ ਮਹੁਕਿਆਂ, ਅਤੇ ਮਰਦਾਂ ਦੇ ਜਣਨ ਅੰਗਾਂ ਦੀ ਕੈਂਸਰ ਦਾ ਕਾਰਨ ਬਣ ਸਕਦੀ ਹੈ (ਸਾਲ 1994 ਜਾਂ ਬਾਅਦ ਵਿਚ ਪੈਦਾ ਹੋਈਆਂ ਲੜਕੀਆਂ ਲਈ ਵੈਕਸੀਨ ਮੁਫਤ ਹੈ)। |
| ❑ **ਇਨਫਲੂਐਂਜ਼ਾ** | ਆਮ ਠੰਢ ਜਾਂ ਪੇਟ ਦੀ ਗੜਬੜ ਨਾਲੋਂ ਕਿਤੇ ਜ਼ਿਆਦਾ ਗੰਭੀਰ |
| ❑ **ਮੈਨਿਨਜਾਈਟਸ** | ਦਿਮਾਗ ਦੀ ਅੰਦਰਲੀ ਤਹਿ ਵਿਚ ਗੰਭੀਰ ਇਨਫੈਕਸ਼ਨ (ਮੈਨਿਨਜਾਈਟਸ) ਅਤੇ ਖ਼ੂਨ ਦੀ ਇਨਫੈਕਸ਼ਨ (ਸੈਪਟੇਸੀਮੀਆ) ਪੈਦਾ ਕਰ ਸਕਦੀ ਹੈ। ਇਸ ਵੇਲੇ ਸਿਰਫ ਮੀਨਿੰਗੋਕੋਕਲ ਟਾਈਪ ਸੀ ਲਈ ਵੈਕਸੀਨ ਮੁਫਤ ਦਿੱਤੀ ਜਾਂਦੀ ਹੈ। |
| ❑ **ਸਫਰ ਦੇ ਖਤਰੇ** | ਬੀਮਾਰੀਆਂ ਸਥਾਨ ਦੇ ਮੁਤਾਬਕ ਵੱਖ ਵੱਖ ਹੋ ਸਕਦੀਆਂ ਹਨ ਅਤੇ ਇਸ ਵਿਚ ਟਾਇਫਾਈਡ ਬੁਖਾਰ ਅਤੇ ਸਫਰ ਕਰਨ ਵਾਲਿਆਂ ਦੇ ਦਸਤ ਸ਼ਾਮਲ ਹਨ |

## ਕੀ ਤੁਹਾਨੂੰ ਪਤਾ ਹੈ?

**ਪਿਛਲੇ 50 ਸਾਲਾਂ ਵਿਚ, ਇਮਿਊਨਾਈਜ਼ੇਸ਼ਨ (ਲੋਦਿਆਂ) ਨੇ ਬਾਲਾਂ ਅਤੇ ਬੱਚਿਆਂ ਦੀਆਂ ਜਾਨਾਂ ਕਿਸੇ ਵੀ ਹੋਰ ਮੈਡੀਕਲ ਦਖਲਅੰਦਾਜ਼ੀ ਨਾਲੋਂ ਜ਼ਿਆਦਾ ਬਚਾਈਆਂ ਹਨ।**

ਵੈਕਸੀਨ ਨਾਲ ਰੋਕਣਯੋਗ ਬੀਮਾਰੀਆਂ ਬਾਰੇ ਜਾਣਕਾਰੀ ਲੈਣ ਲਈ ਅਤੇ ਇਹ ਜਾਣਨ ਲਈ ਕਿ ਆਪਣੇ ਪਰਿਵਾਰ ਨੂੰ ਸਾਰੀ ਲੋੜੀਂਦੀ ਸੁਰੱਖਿਆ ਕਿਵੇਂ ਦੇਣੀ ਹੈ, ਇਸ ਵੈੱਬਸਾਈਟ ’ਤੇ ਜਾਉ

**www.ImmunizeBC.ca**

BRITISH COLUMBIA | ImmunizeBC | BRITISH COLUMBIA PEDIATRIC SOCIETY

Fall 2013
[Punjabi]